ਸਤਿਕਾਰਯੋਗ ਮਨੀਸ਼ ਜੀ,

ਅਸੀਂ ਸਮੂਹ ਐਨ.ਆਰ.ਆਈ ਟੀਮਾਂ ਤੁਹਾਨੂੰ ਦੱਸਣਾ ਚਾਹੁੰਦੇ ਹਾਂ ਕਿ ਆਮ ਆਦਮੀ ਪਾਰਟੀ ਪੰਜਾਬ ਲੀਡਰਸ਼ਿਪ ਵਿਚਲੇ ਹਲਾਤਾਂ ਤੋਂ ਬਹੁਤ ਦੁਖੀ ਹਾਂ। ਜਿਥੇ ਇੱਕ ਪਾਸੇ ਤੁਸੀਂ ਦਿੱਲੀ ਵਿੱਚ ਕੇਂਦਰੀ ਸਰਕਾਰ ਵਿਰੁੱਧ ਸੰਘਰਸ਼ ਕਰਨ ਲਈ ਇੱਕ ਜੁੱਟ ਹੋ ਰਹੇ ਹੋ ਉਥੇ ਪੰਜਾਬ ਵਿਚਲੇ ਸਾਡੇ ਆਗੂ ਇੱਕ ਦੂਸਰੇ ਨੂੰ ਨਿਸ਼ਾਨਾ ਬਣਾ ਰਹੇ ਹਨ ਅਤੇ ਲੜ ਝਗੜ ਰਹੇ ਹਨ।

ਪਿਛਲੇ ਇੱਕ ਸਾਲ ਤੋ ਸ. ਸੁਖਪਾਲ ਖਹਿਰਾ ਅਤੇ ਹੋਰਨਾਂ ਵਿਧਾਇਕਾਂ ਨੇ ਲੋਕਾਂ ਅਤੇ ਪਾਰਟੀ ਵਾਸਤੇ ਦਿਨ ਰਾਤ ਇੱਕ ਕੀਤਾ ਹੋਇਆ ਹੈ। ਸਾਡੀ ਲੀਡਰਸ਼ਿਪ ਵਿੱਚੋਂ ਸਿਰਫ ਖਹਿਰਾ ਹੀ ਇੱਕਲਾ ਅਜਿਹਾ ਚਿਹਰਾ ਹੈ ਜੋ ਕਿ ਪੰਜਾਬ ਅਤੇ ਲੋਕਾਂ ਵਾਸਤੇ ਕਾਂਗਰਸੀਆਂ ਅਤੇ ਅਕਾਲੀਆਂ ਦਾ ਨਿਰੰਤਰ ਮੁਕਾਬਲਾ ਕਰ ਰਿਹਾ ਹੈ। ਜਿਵੇਂ ਕਿ ਤੁਸੀਂ ਉਹਨਾਂ ਦੀਆਂ ਰਿਫਰੈਂਡਮ ਸਬੰਧੀ ਹਾਲ ਦੀਆਂ ਇੰਟਰਵਿਊਆਂ ਵਿੱਚ ਦੇਖਿਆ ਹੋਵੇਗਾ ਉਹਨਾਂ ਨੇ ਸਾਫ ਤੋਰ ਉੱਪਰ ਕਿਹਾ ਹੈ ਕਿ ਉਹ ਇੱਕ ਭਾਰਤੀ ਹਨ ਅਤੇ ਭਾਰਤ ਦੇ ਸੰਵਿਧਾਨ ਵਿੱਚ ਵਿਸ਼ਵਾਸ ਰੱਖਦੇ ਹਨ ਪਰੰਤੂ ਸਾਨੂੰ ਇਹ ਘੋਖ ਕਰਨ ਦੀ ਵੀ ਲੋੜ ਹੈ ਕਿ ਉਹ ਕੀ ਹਾਲਤ ਸਨ ਜਿਹਨਾਂ ਕਰਕੇ ਸਿੱਖਾਂ ਨੂੰ ਇਸ ਕਦਮ ਲਈ ਮਜਬੂਰ ਹੋਣਾ ਪਿਆ। ਉਹਨਾਂ ਨੇ ਸਾਰੀ ਹੀ ਸਿੱਖ ਲੀਡਰਸ਼ਿਪ ਲਈ ਇੱਕ ਸਵਾਲ ਉਠਾਇਆ ਸੀ ਜਿਸ ਵਿੱਚ ਮੁੱਖ ਤੋਰ ਉੱਤੇ ਬਾਦਲ ਸ਼ਾਮਿਲ ਹਨ ਕਿਉਂਕਿ ਬਾਦਲ ਜਿਆਦਾਤਰ ਸਮਾਂ ਪੰਜਾਬ ਦੀ ਸੱਤਾ ਵਿੱਚ ਰਹੇ ਹਨ ਅਤੇ ਲੋਕਾਂ ਨੂੰ ਇਨਸਾਫ ਦਾ ਮੁੜ ਮੁੜ ਝੂਠਾ ਵਾਅਦਾ ਕਰਦੇ ਰਹੇ ਹਨ। ਇਹ ਦੇਖ ਕੇ ਬਹੁਤ ਦੁੱਖ ਹੋਇਆ ਕਿ ਸਾਡੇ ਆਪਣੇ ਹੀ ਆਗੂਆਂ ਨੇ ਖਹਿਰਾ ਦੇ ਸਵਾਲ ਦੀ ਹਮਾਇਤ ਕਰਨ ਦੀ ਬਜਾਏ ਮੀਡੀਆ ਵਿੱਚ ਖਹਿਰਾ ਖਿਲਾਫ ਰੋਲਾ ਪਾਉਣਾ ਸ਼ੁਰੂ ਕਰ ਦਿੱਤਾ।

ਅਸੀਂ ਸਾਰੇ ਤੁਹਾਨੂੰ ਦੱਸਣਾ ਚਾਹੁੰਦੇ ਹਾਂ ਕਿ ਇਸ ਮੁੱਦੇ ਉੱਪਰ ਆਸੀਂ ਸਾਰੇ ਸੁਖਪਾਲ ਖਹਿਰਾ ਦੇ ਨਾਲ ਖੜੇ ਹਾਂ ਅਤੇ ਇਹਨਾਂ ਹਾਲਤਾਂ ਵਿੱਚ ਬਲਵੀਰ ਸਿੰਘ ਵੱਲੋਂ ਕੀਤੀਆਂ ਗਈਆਂ ਗਤੀਵਿਧੀਆਂ ਤੋਂ ਬਹੁਤ ਦੁੱਖੀ ਹਾਂ। ਉਹਨਾਂ ਨੇ ਪੰਜਾਬ ਪੱਧਰ ਦੇ ਆਗੂ ਹੋਣ ਵਿੱਚ ਆਪਣਾ ਅੱਲੜਪੁਣਾ ਦਿਖਾਇਆ ਹੈ, ਪਹਿਲਾਂ ਤਾਂ ਬਿਨਾਂ ਸਾਰੀ ਗੱਲ ਨੂੰ ਜਾਣੇ ਖਹਿਰਾ ਖਿਲਾਫ ਬਿਆਨ ਦੇ ਦਿੱਤਾ ਅਤੇ ਉਸ ਤੋਂ ਵੀ ਬਦੱਤਰ ਕੰਮ ਖਹਿਰਾ ਦਾ ਨਿੱਜੀ ਨੰਬਰ ਸੋਸ਼ਲ ਮੀਡੀਆ ਉੱਪਰ ਪਾ ਕੇ ਕੀਤਾ।

ਦੂਸਰਾ ਸ਼ਾਹਕੋਟ ਚੋਣਾਂ ਦੋਰਾਨ ਕੋ-ਕਨਵੀਨਰ ਵਜੋਂ ਉਹਨਾਂ ਦੀ ਅਗਵਾਈ ਹੇਠ ਵਲੰਟੀਅਰਾਂ ਦੀ ਸਖਤ ਮਿਹਨਤ ਦੇ ਬਾਵਜੂਦ ਸਾਨੂੰ ਸਿਰਫ ੧੯੦੦ ਵੋਟਾਂ ਹੀ ਪਈਆ ਕਿਉਂਕਿ ਖਹਿਰਾ, ਭਗਵੰਤ ਮਾਨ ਅਤੇ ਹੋਰਨਾਂ ਮੁੱਖ ਆਗੂਆਂ ਦੇ ਵਿਰੁੱਧ ਜਾ ਕੇ ਉਸ ਨੇ ਚੋਣ ਆਪਣੇ ਢੰਗ ਨਾਲ ਲੜਣ ਦੀ ਜਿੱਦ ਕੀਤੀ। ਅਤੇ ਜਦ ਇਸ ਘਟੀਆ ਪ੍ਰਦਰਸ਼ਨ ਦੀ ਘੋਖ ਕਰਨ ਅਤੇ ਮੀਟਿੰਗ ਕਰਨ ਦੀ ਸਚਦੇਵਾ ਨੇ ਉਸ ਨੂੰ ਸਲਾਹ ਦਿੱਤੀ ਤਾਂ ਉਸ ਨੂੰ ਹੀ ਹਟਾ ਕੇ ਡਾ. ਰਵਜੋਤ ਨੂੰ ਦੋਆਬਾ ਇੰਚਾਰਜ ਲਗਾ ਦਿੱਤਾ ਜੋ ਕਿ ਉਹਨਾਂ ਨੇ ਸਵੀਕਾਰ ਨਹੀਂ ਕੀਤਾ। ਅੱਜ ਦੀ ਤਰੀਕ ਵਿੱਚ ਸਾਡੇ ਕੋਲ ਕੋਈ ਵੀ ਦੁਆਬਾ ਇੰਚਾਰਜ ਨਹੀਂ ਹੈ ਅਤੇ ਐਮ.ਐਲ.ਏ ਜੈ ਕਿਸ਼ਨ ਰੋੜੀ ਨੂੰ ਆਬਜਰਬਰ ਲਗਾਇਆ ਗਿਆ ਹੈ। ਇਹ ਵੀ ਬਲਵੀਰ ਸਿੰਘ ਦੀ ਇੱਕ ਬਹੁਤ ਵੱਡੀ ਗਲਤੀ ਹੈ।

ਇਸ ਤੋਂ ਇਲਾਵਾ ਕੁਝ ਹਫਤੇ ਪਹਿਲਾਂ ਗੈਰੀ ਵੜਿੰਗ ਦੀ ਇੱਕ ਆਡੀਓ ਰਿਕਾਰਡਿੰਗ ਲੀਕ ਹੋਈ ਸੀ ਜੋ ਕਿ ਸੋਸ਼ਲ ਮੀਡੀਆ ਉੱਪਰ ਖੂਬ ਵਾਇਰਲ ਹੋਈ। ਜਿਵੇਂ ਕਿ ਤੁਸੀਂ ਜਾਣਦੇ ਹੋ ਆਪਣੀ ਇਸ ਫੋਨ ਕਾਲ ਦੋਰਾਨ ਗੈਰੀ ਨੇ ਸਾਡੇ ਵਿਧਾਇਕਾਂ, ਖਹਿਰਾ aਤੇ ਹੋਰਨਾਂ ਲੀਡਰਾਂ ਖਿਲਾਫ ਬੇਹੱਦ ਘਟੀਆ ਸ਼ਬਦਾਵਲੀ ਵਰਤੀ ਸੀ, ਬਲਵੀਰ ਸਿੰਘ ਦੀ ਬਣਾਈ ਕਮੇਟੀ ਵੱਲੋਂ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ। ਇਹ ਬਲਵੀਰ ਸਿੰਘ ਦੇ ਪੰਜਾਬ ਦਾ ਕੋ ਕਨਵੀਨਰ ਪਦ ਸੰਭਾਲਣ ਯੋਗ ਨਾ ਹੋਣ ਦੀ ਇੱਕ ਹੋਰ ਉਦਾਹਰਣ ਹੈ।

ਜਿਥੇ ਇੱਕ ਪਾਸੇ ਸਾਡੀ ਨਵੀਂ ਯੂਥ ਟੀਮ ਵਲੰਟੀਅਰਾਂ ਅਤੇ ਲੋਕਾਂ ਨੂੰ ਮਿਲ ਕੇ ਚੰਗਾ ਕੰਮ ਕਰ ਰਹੀ ਹੈ ਅਤੇ ਲੋਕਾਂ ਵਿੱਚ ਪਾਰਟੀ ਦਾ ਗਰਾਫ ਉੱਪਰ ਚੁੱਕਣ ਦੀ ਕੋਸ਼ਿਸ਼ ਕਰ ਰਹੀ ਹੈ ਉਥੇ ਹੀ ਬਲਵੀਰ ਸਿੰਘ ਵਰਗੇ ਲੋਕ ਜਨਤਾ ਅਤੇ ਮੀਡੀਆ ਵਿੱਚ ਪਾਰਟੀ ਦੀ ਇਮੇਜ਼ ਤਹਿਸ ਨਹਿਸ ਕਰ ਰਹੇ ਹਨ।

ਇਸ ਲਈ ਸਾਡੀ ਤੁਹਾਨੂੰ ਬੇਨਤੀ ਹੈ ਕਿ ਬਿਨਾਂ ਹੋਰ ਦੇਰੀ ਕੀਤੇ ਬਲਵੀਰ ਸਿੰਘ ਨੂੰ ਕੋ ਕਨਵੀਨਰ ਦੇ ਪਦ ਤੋਂ ਹਟਾਇਆ ਜਾਵੇ ਅਤੇ ਉਸ ਖਿਲਾਫ ਸਖਤ ਅਨੁਸ਼ਾਸਨਕ ਕਾਰਵਾਈ ਕੀਤੀ ਜਾਵੇ। ਕ੍ਰਿਪਾ ਕਰਕੇ ਅਜਿਹਾ ਕੋਈ ਵਿਅਕਤੀ ਪੰਜਾਬ ਕਨਵੀਨਰ ਵਜੋਂ ਨਿਯੁਕਤ ਕੀਤਾ ਜਾਵੇ ਜੋ ਕਿ ਯੋਗ ਅਤੇ ਤਜਰਬੇਕਾਰ ਹੋਵੇ। ਜੇਕਰ ਅਜਿਹਾ ਨਹੀਂ ਹੋ ਸਕਦਾ ਤਾਂ ਪੰਜਾਬ ਦੀ ਇੱਕ ਪੀ.ਏ.ਸੀ ਕਮੇਟੀ ਬਣਾਈ ਜਾਵੇ।

ਅਸੀਂ ਇਹ ਵੀ ਬੇਨਤੀ ਕਰਦੇ ਹਾਂ ਕਿ ਜਿਵੇਂ ਸਾਡੇ ਕੋਲ ਤਿੰਨ ਰਾਜ ਸਭਾ ਮੈਂਬਰ ਹਨ ਜੋ ਕਿ ਆਪਣੇ ਸੂਬੇ ਤੋਂ ਇਲਾਵਾ ਕਿਤੇ ਵੀ ਆਪਣੇ ਐਮਪੀਲੈਡ ਫੰਡ ਵਿੱਚੋਂ ੨੫ ਲੱਖ ਰੁਪਏ ਖਰਚ ਕਰ ਸਕਦੇ ਹਨ, ਜੇਕਰ ਇਹ ੭੫ ਲੱਖ ਰੁਪਏ ਹਰ ਸਾਲ ਪੰਜਾਬ ਵਿੱਚ ਭੇਜੇ ਜਾਂਦੇ ਹਨ ਤਾਂ ਸਾਡੇ ਵਿਧਾਇਕਾਂ ਨੂੰ ਉਹਨਾਂ ਦੇ ਹਲਕਿਆਂ ਵਿੱਚ ਮਦਦ ਹੋ ਸਕਦੀ ਹੈ।

ਅਸੀਂ ਆਸ ਕਰਦੇ ਹਾ ਕਿ ਤੁਸੀਂ ਸਾਡੇ ਪੱਤਰ ਨੂੰ ਗੰਭੀਰਤਾ ਨਾਲ ਲਵੋਗੇ ਅਤੇ ਕੋਈ ਢੁੱਕਵਾਂ ਕਦਮ ਚੁੱਕੋਗੇ।

ਧੰਨਵਾਦ ਸਹਿਤ,

**USA Team Members:**

1. New York- Bittu Sidhu, Convener & Jaswant Singh, Joint Sect.

2. New Jersey- Dharam Singh, Convener & Baljinder Singh, Joint Sect.

3. Michigan-Sukhi Narwal, Convener & Jaswinder Singh, Sect.

4. Virginia , Washington DC & Maryland - SukhiPannu, Convener, Amarjeet Singh, Sect. Harpreet Gill, Mehtab Singh Kahlon & Inderbir Samra

5 Chicago - Lakhvir Singh Sandhu, Joint Sec.

6. Mississippi- Mandeep Singh, Convener

7. Modesto- Sam Gill, Secretary

8. Houston- Harjit Pandher, Sect.

9. Bakersfield- Mandeep Bilga, Sect.

10. Fresno- Neeta Machike, Sect.

11. Bay Area- Sheena Shanwey, Convener

12. Fairfield- Sukhvir Singh, Convener & Shikhar Singla, Sect.

13. Seattle- Harpreet Singh, Convener.

14. Satbeer Singh Brar, Outreach Convenor USA.

15. Manjinder Singh Sandhu, Mission Punjab Incharge from USA.

16. Amritpal Singh Dhillon, Mission Punjab Incharge from USA.

17. Manmeet Singh, East coast Coordinator USA.

18. Devinder Singh Sooch, Mid-West Coordinator, USA.

19. Rajkaran Singh Toor, West Coast Coordinator, USA.

20. Kulbir Samra, Los Angeles AAP

**Europe Team Members:**

Davinder Singh Ghaloti, Europe Convenor

Iqbal Singh Waraich, Coordinator Portugal

Balkar Singh Dhillon, Coordinator Italy Rome

Gurdial Singh Bajwa, Convenor Austria

Balwinder Singh Thind, Coordinator France

Gurmail Singh Brar, Coordinator Spain

Baljinder Singh Garcha, Co Convenor Italy Milan

Gurinder Singh Gill, Convenor Italy Rome

Babishan Singh Rana, Coordinater Holland

Jugraj Singh Toor, TEAM Denmark

Gagandeep singhAujla, Convenor Germany

Manjit Singh Bhogal, Secretory Germany

LakhwindersinghDuhra, Outreach Convenor England

Dimpa Singh Virk, Convenor Norway

**Canada and New Zealand**

Toronto- Surinder Mavi, Convenor

New Zealand- Khushmeet Kaur Sidhu, Secretary

Sikanderjit Bajwa (out reach convener)

Didar Singh Virk (Fund Raising Convener )

Jagdeep Singh , Convener, Bay of plenty.

Jarnail Singh Rahon, Convener, Waikato

Harish Kaura , Volunteer

Amrik Brar , Volunteer

Param Brar , Coordinator,Tauranga